دفتر مجلس انصار اللہ بھارت

**Office Of The Majlis Ansarullah Bharat**

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in　ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਸੀਰਤ ਵਿੱਚੋਂ ਸੱਚਾਈ ‘ਤੇ ਹਰ ਕ਼ੀਮਤ ‘ਤੇ ਅਮਲ ਕਰਨ ਅਤੇ ਇਸ ਹਵਾਲੇ ਨਾਲ਼ ਵਿਰੋਧੀਆਂ ਨੂੰ ਚੈਲੇਂਜ ਕਰਨ ਦੇ ਵਾਕ਼ਿਆਤ ਦਾ ਇਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 01 ਮਈ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਦੀ ਸੀਰਤ ਵਿੱਚੋਂ ਸੱਚਾਈ ‘ਤੇ ਹਰ ਕ਼ੀਮਤ ‘ਤੇ ਅਮਲ ਕਰਨ ਅਤੇ ਇਸ ਹਵਾਲੇ ਨਾਲ਼ ਵਿਰੋਧੀਆਂ ਨੂੰ ਚੈਲੇਂਜ ਕਰਨ ਦੇ ਵਾਕ਼ਿਆਤ ਅੱਜ ਬਿਆਨ ਕਰਾਂਗਾ।

ਇਹ ਵਾਕ਼ਿਆਤ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਸੀਰਤ ਵਿੱਚ ਸੱਚਾਈ ਦੇ ਨਾਲ਼ ਗ਼ੈਰ ਮਾਮੂਲੀ **ਵਾਬਸਤਗੀ**, **ਜੁਰਅਤ** ਦੇ ਇਜ਼ਹਾਰ ਅਤੇ ਵਿਰੋਧੀਆਂ ਨੂੰ ਖੁੱਲ੍ਹੇ ਮੈਦਾਨ ਵਿੱਚ ਲਲਕਾਰਨ ਦਾ ਇੱਕ ਨਿਹਾਇਤ ਜਾਨਦਾਰ ਨਮੂਨਾ ਪੇਸ਼ ਕਰਦੇ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਜਦ ਮੌਲਵੀ ਮੁਹੰਮਦ ਹੁਸੈਨ ਬਟਾਲਵੀ ਸਾਹਿਬ ਨੇ ਆਪ عليه السلام ‘ਤੇ ਕੁਫ਼ਰ ਅਤੇ ਝੂਠ ਜਿਹੇ ਸੰਗੀਨ ਇਲਜ਼ਾਮ ਲਾਏ ਤਾਂ ਆਪ عليه السلام ਨੇ ਸਿਰਫ਼ ਬਚਾਅ ਉੱਤੇ ਬੱਸ ਨਹੀਂ ਕੀਤੀ ਬਲਕਿ ਪੂਰੇ **ਯਕ਼ੀਨ** ਅਤੇ **ਵਕ਼ਾਰ** ਦੇ ਨਾਲ਼ ਇੱਕ ਫ਼ੈਸਲਾ ਕੁਨ ਚੈਲੰਜ ਪੇਸ਼ ਕੀਤਾ। ਆਪ عليه السلام ਨੇ ਸਪਸ਼ਟ ਲਫ਼ਜ਼ਾਂ ਵਿੱਚ ਫ਼ਰਮਾਇਆ ਕਿ ਮੇਰੀ ਪੂਰੀ ਜ਼ਿੰਦਗੀ ਗਵਾਹ ਹੈ ਕਿ ਮੈਂ ਕਦੀ ਝੂਠ ਨੂੰ ਇਖ਼ਤਿਆਰ ਨਹੀਂ ਕੀਤਾ, ਨਾ ਆਮ ਹਾਲਾਤਾਂ ਵਿੱਚ ਅਤੇ ਨਾ ਹੀ ਉਨ੍ਹਾਂ ਨਾਜ਼ੁਕ ਮੌਕ਼ਿਆਂ ‘ਤੇ ਜਦ **ਜਾਨ**, **ਇੱਜ਼ਤ** ਅਤੇ **ਮਾਲ** ਬਚਾਉਣ ਦੇ ਲਈ ਝੂਠ ਬੋਲਣਾ ਸਭ ਤੋਂ ਆਸਾਨ ਰਸਤਾ ਸੀ।

ਆਪ عليه السلام ਨੇ ਦੱਸਿਆ ਕਿ ਅਦਾਲਤਾਂ ਵਿੱਚ ਵੀ, ਜਿੱਥੇ ਵਕੀਲਾਂ ਨੇ ਸਾਫ਼ ਕਿਹਾ ਕਿ ਕਾਮਯਾਬੀ ਦੇ ਲਈ ਝੂਠ ਜ਼ਰੂਰੀ ਹੈ, ਉੱਥੇ ਵੀ ਆਪ عليه السلام ਨੇ ਸੱਚਾਈ ਨੂੰ ਤਰਜੀਹ ਦਿੱਤੀ ਅਤੇ ਨੁਕ਼ਸਾਨ ਬਰਦਾਸ਼ਤ ਕੀਤਾ ਪਰ ਹੱਕ਼ ਨੂੰ ਨਹੀਂ ਛੱਡਿਆ। ਉਸ ਦੇ ਬਾਅਦ ਆਪ عليه السلام ਨੇ ਨਿਹਾਇਤ ਜ਼ੋਰਦਾਰ ਅੰਦਾਜ਼ ਵਿੱਚ ਆਪਣੇ ਵਿਰੋਧੀਆਂ ਨੂੰ ਮੁਖ਼ਾਤਿਬ ਕਰਦੇ ਹੋਏ ਕਿਹਾ ਕਿ ਜੇਕਰ ਤੁਸੀਂ ਆਪਣੇ ਦਾਅਵੇ ਵਿੱਚ ਸੱਚੇ ਹੋ ਤਾਂ ਸਿਰਫ਼ ਇਲਜ਼ਾਮਾਂ ‘ਤੇ ਬਸ ਨਾ ਕਰੋ ਬਲਕਿ **ਕ਼ਤਈ** ਅਤੇ **ਰੋਸ਼ਨ** ਸਬੂਤ ਪੇਸ਼ ਕਰੋ ਕਿਉਂਕਿ ਇੱਕ ਸੱਚਾ ਅਤੇ ਖ਼ੁਦਾ ਤਰਸ ਇਨਸਾਨ ਕਦੀ ਬਗ਼ੈਰ ਤਹਿਕ਼ੀਕ਼ ਦੇ ਕਿਸੀ ‘ਤੇ ਕੁਫ਼ਰ ਅਤੇ ਫ਼ਿਸਕ਼ ਦਾ ਇਲਜ਼ਾਮ ਨਹੀਂ ਲਾਉਂਦਾ। ਇਹ ਸਿਰਫ਼ ਬਚਾਅ ਨਹੀਂ ਸੀ ਬਲਕਿ ਇੱਕ ਅਜਿਹਾ ਅਖ਼ਲਾਕ਼ੀ ਅਤੇ ਰੂਹਾਨੀ ਮਿਆਰ ਕ਼ਾਇਮ ਕਰਨਾ ਸੀ ਜਿਸ ਨਾਲ਼ ਵਿਰੋਧੀ ਖ਼ੁਦ **ਕਟਹਿਰੇ** ਵਿੱਚ ਆ ਖੜਾ ਹੁੰਦਾ ਹੈ। ਫਿਰ ਆਪ عليه السلام ਨੇ ਗੱਲ ਨੂੰ ਇੱਕ ਹੋਰ ਬੁਲੰਦ ਸਤਹ ‘ਤੇ ਲੈ ਜਾਂਦੇ ਹੋਏ ਇੱਕ ਫ਼ੈਸਲਾ ਕੁਨ ਅਤੇ ਗ਼ੈਰ ਮਾਮੂਲੀ ਚੈਲੇਂਜ ਦਿੱਤਾ ਕਿ ਆਓ, ਸਾਨੂੰ

ਦੋਹਾਂ ਨੂੰ ਇਸ ਮਿਆਰ 'ਤੇ ਰੱਖ ਲਿਆ ਜਾਵੇ ਜਿਸ ਨੂੰ ਖ਼ੁਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਕੁਰਆਨ ਕਰੀਮ ਨੇ ਸੱਚਾਈ ਦਾ ਨਿਸ਼ਾਨ ਕ਼ਰਾਰ ਦਿੱਤਾ ਹੈ। ਯਾਨੀ ਰੂਹਾਨੀ ਸਦਾਕ਼ਤ (ਸੱਚੇ **ਖ਼ਾਬ** ਅਤੇ **ਇਲਹਾਮਾਂ** ਦੀ ਸੱਚਾਈ)।

ਆਪ ﷺ ਨੇ ਖੁੱਲ੍ਹੇ ਆਮ ਐਲਾਨ ਕੀਤਾ ਕਿ ਇੱਕ ਕਮੇਟੀ ਨਿਯੁਕਤ ਕੀਤੀ ਜਾਵੇ, ਦੋਹੇਂ ਧਿਰ ਆਪਣੇ ਗਵਾਹ ਪੇਸ਼ ਕਰਨ ਅਤੇ ਜਿਸ ਦੀ ਸੱਚਾਈ ਸਪਸ਼ਟ ਹੋ ਜਾਵੇ, ਦੂਸਰੇ ਨੂੰ ਉਸੇ ਵੇਲੇ **ਝੂਠਾ** ਅਤੇ **ਦੱਜਾਲ** ਮੰਨ ਲਿਆ ਜਾਵੇ।

ਹਜ਼ੂਰ ਨੇ ਫ਼ਰਮਾਇਆ: ਇੱਥੋਂ ਆਪ ﷺ ਦੀ **ਜੁਰਅਤ** ਆਪਣੇ ਅਰੂਜ 'ਤੇ ਨਜ਼ਰ ਆਉਂਦੀ ਹੈ। ਆਪ ﷺ ਨੇ ਫ਼ਰਮਾਇਆ ਕਿ ਜੇਕਰ ਮੈਂ ਇਸ ਆਜ਼ਮਾਇਸ਼ ਵਿੱਚ ਝੂਠਾ ਸਾਬਿਤ ਹੋਇਆ ਤਾਂ ਮੈਂ ਖ਼ੁਦ ਆਪਣੇ ਉੱਪਰ ਲਾਏ ਗਏ ਸਾਰੇ ਇਲਜ਼ਾਮਾਂ ਨੂੰ ਕ਼ਬੂਲ ਕਰ ਲਵਾਂਗਾ ਚਾਹੇ ਉਹ **ਕੁਫ਼ਰ** ਹੋਵੇ, **ਦਜਲ** ਹੋਵੇ ਜਾਂ **ਫ਼ਰੇਬ**। ਪਰ ਜੇਕਰ ਖ਼ੁਦਾ ਤਆਲਾ ਨੇ ਮੇਰੀ ਸੱਚਾਈ ਨੂੰ ਜ਼ਾਹਿਰ ਕਰ ਦਿੱਤਾ ਤਾਂ ਫਿਰ ਕੀ ਤੁਹਾਡੇ ਵਿੱਚ ਇਹ ਹਿੰਮਤ ਹੈ ਕਿ ਆਪਣੇ ਉੱਪਰ ਇਹੀ ਇਲਜ਼ਾਮ ਕ਼ਬੂਲ ਕਰੋ? ਇਹ ਸਿਰਫ਼ ਅਲਫ਼ਾਜ਼ ਨਹੀਂ ਸਨ ਬਲਕਿ ਇੱਕ ਅਜਿਹਾ ਖੁੱਲ੍ਹਾ, ਬੇ-ਲਾਗ ਅਤੇ ਦੋ ਟੋਕ ਚੈਲੇਂਜ ਸੀ ਜਿਸ ਵਿੱਚ ਸੱਚਾਈ 'ਤੇ ਮੁਕੰਮਲ ਯਕ਼ੀਨ ਝਲਕ ਰਿਹਾ ਸੀ।

ਆਖ਼ਿਰ ਵਿੱਚ ਆਪ ﷺ ਨੇ ਬੜੇ **ਯਕ਼ੀਨ** ਅਤੇ **ਜਲਾਲ** ਦੇ ਨਾਲ ਐਲਾਨ ਕੀਤਾ ਕਿ ਖ਼ੁਦਾ ਤਆਲਾ ਖ਼ੁਦ ਫ਼ੈਸਲਾ ਕਰੇਗਾ ਅਤੇ ਉਹ ਵਕ਼ਤ ਕ਼ਰੀਬ ਹੈ ਕਿ ਜਦ ਹਰ ਇਲਜ਼ਾਮ ਲਾਉਣ ਵਾਲੇ ਦੀ ਹਕ਼ੀਕ਼ਤ ਖੁੱਲ੍ਹ ਜਾਵੇਗੀ। ਜਿਹੜੇ ਦੂਸਰਿਆਂ ਨੂੰ ਜ਼ਲੀਲ ਕਰਨ ਲਈ ਉੱਠਦੇ ਹਨ ਉਹ ਖ਼ੁਦ **ਜ਼ਿੱਲਤ** ਦਾ ਨਿਸ਼ਾਨ ਬਣ ਜਾਂਦੇ ਹਨ। ਜੇਕਰ ਤੁਸੀਂ ਹੱਕ਼ ਨੂੰ ਤਲਾਸ਼ ਕਰਨ ਵਾਲੇ ਬਣ ਕੇ ਮੇਰੀ ਜ਼ਿੰਦਗੀ 'ਤੇ ਨਜ਼ਰ ਪਾਓ ਤਾਂ ਤੁਹਾਡੇ 'ਤੇ ਕ਼ਤਈ ਸਬੂਤਾਂ ਨਾਲ ਇਹ ਗੱਲ ਖੁੱਲ੍ਹ ਸਕਦੀ ਹੈ ਕਿ ਖ਼ੁਦਾ ਤਆਲਾ ਹਮੇਸ਼ਾ ਝੂਠ ਦੀ ਨਾ ਪਾਕੀ ਤੋਂ ਮੈਨੂੰ ਮਹਿਫ਼ੂਜ਼ ਰੱਖਦਾ ਰਿਹਾ ਹੈ ਇੱਥੋਂ ਤੱਕ ਕਿ ਕਈ ਵਾਰ ਅੰਗਰੇਜ਼ੀ ਅਦਾਲਤਾਂ ਵਿੱਚ ਮੇਰੀ ਜਾਨ ਅਤੇ ਇੱਜ਼ਤ ਅਜਿਹੇ ਖ਼ਤਰਿਆਂ ਵਿੱਚ ਪੈ ਗਈ ਕਿ ਝੂਠ ਦੇ ਸਿਵਾ ਕੋਈ ਹੋਰ ਸਲਾਹ ਕਿਸੇ ਵਕੀਲ ਨੇ ਮੈਨੂੰ ਨਾ ਦਿੱਤੀ। ਪਰ ਅੱਲਾਹ ਦੀ ਤੌਫ਼ੀਕ਼ ਨਾਲ ਮੈਂ ਸੱਚ ਦੇ ਲਈ ਆਪਣੀ ਜਾਨ ਅਤੇ ਇੱਜ਼ਤ ਤੋਂ ਦਸਤ ਬਰਦਾਰ ਹੋ ਗਿਆ। ਅਤੇ ਕਈ ਵਾਰ ਮਾਲੀ ਮੁਕ਼ੱਦਮਿਆਂ ਵਿੱਚ ਮੈਂ ਸੱਚ ਦੇ ਲਈ ਬੜੇ ਬੜੇ ਨੁਕ਼ਸਾਨ ਚੁੱਕੇ। ਅਤੇ ਕਈ ਵਾਰ ਸਿਰਫ਼ ਖ਼ੁਦਾ ਤਆਲਾ ਦੇ ਖ਼ੌਫ਼ ਨਾਲ ਆਪਣੇ ਬਾਪ ਅਤੇ ਭਾਈ ਦੇ ਖ਼ਿਲਾਫ਼ ਮੈਂ ਗਵਾਹੀ ਦਿੱਤੀ ਅਤੇ ਸੱਚ ਨੂੰ ਹੱਥੋਂ ਨਾ ਛੱਡਿਆ। ਕੌਣ ਸਾਬਿਤ ਕਰ ਸਕਦਾ ਹੈ ਕਿ ਕਦੀ ਮੇਰੇ ਮੂੰਹੋਂ ਝੂਠ ਨਿਕਲਿਆ ਹੋਵੇ।

ਫਿਰ ਜਦ ਮੈਂ ਸਿਰਫ਼ ਅੱਲਾਹ ਤਆਲਾ ਦੀ ਖ਼ਾਤਿਰ ਇਨਸਾਨਾਂ 'ਤੇ ਝੂਠ ਬੋਲਣਾ ਸ਼ੁਰੂ ਤੋਂ ਛੱਡਿਆ ਹੋਇਆ ਹੈ ਅਤੇ ਕਈ ਵਾਰ ਆਪਣੀ **ਜਾਨ** ਅਤੇ **ਮਾਲ** ਨੂੰ ਸੱਚ ਉੱਤੇ ਕੁਰਬਾਨ ਕੀਤਾ ਹੈ ਤਾਂ ਫਿਰ ਮੈਂ ਖ਼ੁਦਾ ਤਆਲਾ 'ਤੇ ਕਿਉਂ ਝੂਠ ਬੋਲਦਾ।

ਹਜ਼ੂਰ ਫ਼ਰਮਾਉਂਦੇ ਹਨ ਕਿ ਇੱਕ ਹੋਰ ਗੱਲ ਵੀ ਸੱਚਿਆਂ ਦੀ **ਆਜ਼ਮਾਇਸ਼** ਦਾ ਜ਼ਰੀਆ ਹੋ ਜਾਂਦੀ ਹੈ ਅਤੇ ਉਹ ਇਹ ਕਿ ਕਦੀ ਇਨਸਾਨ ਕਿਸੇ ਅਜਿਹੀ ਮੁਸੀਬਤ ਵਿੱਚ ਪੈ ਜਾਂਦਾ ਹੈ ਕਿ ਝੂਠ ਦੇ ਸਿਵਾਏ ਕੋਈ ਹੀਲਾ ਰਿਹਾਈ ਦਾ ਉਸ ਨੂੰ ਨਜ਼ਰ ਨਹੀਂ ਆਉਂਦਾ। ਤਦ ਉਹ ਆਜ਼ਮਾਇਆ ਜਾਂਦਾ ਹੈ ਕਿ ਕੀ ਉਸ ਦੀ ਫ਼ਿਤਰਤ ਵਿੱਚ ਸੱਚ ਹੈ ਜਾਂ ਝੂਠ। ਹਜ਼ੂਰ ਨੇ ਇਸ ਹਵਾਲੇ ਨਾਲ ਤਿੰਨ ਨਮੂਨੇ ਆਪਣੀ ਜ਼ਿੰਦਗੀ ਵਿੱਚੋਂ ਪੇਸ਼ ਫ਼ਰਮਾਏ, ਜਿਨ੍ਹਾਂ ਵਿੱਚੋਂ ਨੰਬਰ ਇੱਕ ਮਿਰਜ਼ਾ ਆਜ਼ਮ ਬੇਗ ਸਾਹਿਬ ਲਾਹੌਰੀ ਦੀ ਕੋਸ਼ਿਸ਼ ਨਾਲ ਦਾਇਰ ਸ਼ੁਦਾ ਮੁਕ਼ੱਦਮਾ ਦਖ਼ਲਿ ਮਿਲਕੀਅਤ, ਨੰਬਰ ਦੋ ਮੁਕ਼ੱਦਮਾ ਡਾਕਖ਼ਾਨਾ ਅਤੇ ਤੀਸਰਾ ਵਾਕ਼ਿਆ ਹਜ਼ੂਰ ਦੇ ਸਾਹਿਬਜ਼ਾਦੇ ਹਜ਼ਰਤ ਮਿਰਜ਼ਾ ਸੁਲਤਾਨ ਅਹਮਦ ਸਾਹਿਬ ਦੇ ਵੱਲੋਂ ਇੱਕ ਹਿੰਦੂ 'ਤੇ ਦਾਇਰ ਸ਼ੁਦਾ ਮੁਕ਼ੱਦਮਾ ਸੀ, ਜਿਸ ਵਿੱਚ ਹਜ਼ਰਤ ਸਾਹਿਬਜ਼ਾਦਾ ਸਾਹਿਬ ਨੇ ਉਸ ਹਿੰਦੂ 'ਤੇ ਇਕ ਮੁਕ਼ੱਦਮਾ ਕੀਤਾ ਸੀ ਕਿ ਉਸ ਨੇ ਹਜ਼ੂਰ ﷺ ਅਤੇ ਆਪ ﷺ ਦੇ ਖ਼ਾਨਦਾਨ ਦੀ ਜ਼ਮੀਨ 'ਤੇ ਮਕਾਨ ਬਣਾ ਲਿਆ ਹੈ। ਪਰ ਮੁਕ਼ੱਦਮੇ ਵਿੱਚ ਇੱਕ ਗੱਲ ਸੱਚ ਦੇ ਖ਼ਿਲਾਫ਼ ਸੀ। ਚੁਨਾਂਚਿ ਵਿਰੋਧੀਆਂ ਨੇ ਹਜ਼ੂਰ ਦਾ ਨਾਮ ਗਵਾਹਾਂ ਦੀ ਲਿਸਟ ਵਿੱਚ ਸ਼ਾਮਿਲ ਕਰਵਾ ਦਿੱਤਾ ਕਿ ਜੋ ਮਿਰਜ਼ਾ ਸਾਹਿਬ ਗਵਾਹੀ ਦੇਣਗੇ, ਉਹ ਸਾਨੂੰ ਮਨਜ਼ੂਰ ਹੋਵੇਗੀ। ਹਜ਼ੂਰ ਫ਼ਰਮਾਉਂਦੇ ਹਨ ਕਿ ਉਹ ਮੁਕ਼ੱਦਮਾ ਮੈਂ ਆਪਣੇ ਹੱਥੋਂ ਸਿਰਫ਼ ਸੱਚ ਦੀ ਰਿਆਇਤ ਦੀ ਵਜ੍ਹਾ ਨਾਲ ਆਪ ਖ਼ਰਾਬ ਕੀਤਾ ਅਤੇ ਸੱਚਾਈ ਨੂੰ ਅੱਗੇ ਰੱਖ ਕੇ ਮਾਲੀ ਨੁਕ਼ਸਾਨ ਉਠਾਇਆ।

ਹੁਣ ਮੌਲਵੀ ਸਾਹਿਬ ਤੁਸੀਂ ਫ਼ਰਮਾਓ ਕਿ ਜੇਕਰ ਤੁਹਾਡੇ ਕੋਲ ਵੀ ਇਸ ਦਰਜੇ ਦੀ ਆਜ਼ਮਾਇਸ਼ ਦੀ ਕੋਈ ਮਿਸਾਲ ਹੋਵੇ ਜਿਸ ਵਿੱਚ ਤੁਹਾਡੀ **ਜਾਨ** ਅਤੇ **ਆਬਰੂ** ਅਤੇ **ਮਾਲ** ਸੱਚ ਬੋਲਣ ਦੀ ਹਾਲਤ ਵਿੱਚ ਬਰਬਾਦ ਹੁੰਦਾ ਹੋਇਆ

ਦਿਖਾਈ ਦਿੱਤਾ ਹੋਵੇ ਅਤੇ ਤੁਸੀਂ ਸੱਚ ਨੂੰ ਨਾ ਛੱਡਿਆ ਹੋਵੇ ਅਤੇ ਮਾਲ ਅਤੇ ਜਾਨ ਦੀ ਕੁੱਝ ਪਰਵਾਹ ਨਾ ਕੀਤੀ ਹੋਵੇ ਤਾਂ ਰੱਬ ਕਰਕੇ ਉਹ ਵਾਕ਼ਿਆ ਆਪਣਾ ਉਸ ਦੇ ਤਮਾਮ ਸਬੂਤਾਂ ਦੇ ਨਾਲ਼ ਪੇਸ਼ ਕਰੋ ਨਹੀਂ ਤਾਂ ਮੇਰਾ ਤਾਂ ਇਹ ਮੰਨਣਾ ਹੈ ਕਿ ਇਸ ਜ਼ਮਾਨੇ ਦੇ ਅਕਸਰ **ਮੁੱਲਾ** ਅਤੇ **ਮੌਲਵੀਆਂ** ਦੀਆਂ ਬਸ ਗੱਲਾਂ ਹੀ ਹਨ। ਇੱਕ ਪੈਸੇ ਉੱਤੇ ਇਮਾਨ ਵੇਚਣ ਨੂੰ ਤਿਆਰ ਹਨ ਕਿਉਂਕਿ ਸਾਡੇ ਨਬੀ ਕਰੀਮ ﷺ ਨੇ ਆਖ਼ਰੀ ਜ਼ਮਾਨੇ ਦੇ ਮੌਲਵੀਆਂ ਨੂੰ ਬਦ-ਤਰੀਨ ਜੀਵ ਬਿਆਨ ਕੀਤਾ ਹੈ ਅਤੇ ਤੁਹਾਡੇ ਮੁਜੱਦਿਦ ਸਾਹਿਬ ਨਵਾਬ ਸਿੱਦੀਕ਼ ਹਸਨ ਖ਼ਾਨ ਸਾਹਿਬ ਮਰਹੂਮ ਹਿਜਜੁਲ ਕਿਰਾਮਾ (حجج الکرامۃ) ਵਿੱਚ ਇਕ਼ਰਾਰ ਕਰ ਚੁੱਕੇ ਹਨ ਕਿ ਉਹ ਆਖ਼ਰੀ ਜ਼ਮਾਨਾ ਇਹੀ ਹੈ। ਸੋ ਅਜਿਹੇ ਮੌਲਵੀਆਂ ਦਾ **ਜ਼ੁਹਦ** ਅਤੇ **ਤਕ਼ਵਾ** ਬਗ਼ੈਰ ਸਬੂਤ ਕ਼ਬੂਲ ਕਰਨਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਫ਼ਰਮਾਈ ਹੋਈ ਗੱਲ ਨੂੰ ਝੂਠਾ ਪਾਉਣਾ ਹੈ। ਸੋ ਤੁਸੀਂ ਮਿਸਾਲ ਪੇਸ਼ ਕਰੋ ਅਤੇ ਜੇਕਰ ਪੇਸ਼ ਨਾ ਕਰ ਸਕੋ ਤਾਂ ਸਾਬਿਤ ਹੋਵੇਗਾ ਕਿ ਤੁਹਾਡੇ ਕੋਲ਼ ਸਿਰਫ਼ ਸੱਚ ਬੋਲਣ ਦਾ ਦਾਅਵਾ ਹੈ ਪਰ ਕੋਈ ਵੀ ਦਾਅਵਾ ਬਿਨਾ ਇਮਤਿਹਾਨ ਦੇ ਕ਼ਬੂਲ ਕਰਨ ਦੇ ਲਾਇਕ਼ ਨਹੀਂ। ਅੰਦਰੂਨੀ ਹਾਲ ਤੁਹਾਡਾ ਖ਼ੁਦਾ ਤਆਲਾ ਨੂੰ ਪਤਾ ਹੋਵੇਗਾ ਕਿ ਤੁਸੀਂ ਕਦੀ ਝੂਠ ਅਤੇ ਇਫ਼ਤਿਰਾ ਦੀ ਗੰਦਗੀ ਵਿੱਚ ਪਏ ਹੋ ਜਾਂ ਨਹੀਂ, ਇਹ ਤਾਂ ਮੈਂ ਨਹੀਂ ਜਾਣਦਾ। ਅੱਲਾਹ ਨੂੰ ਪਤਾ ਹੋਵੇਗਾ, ਗ਼ੈਬ ਤਾਂ ਉਹੀ ਜਾਣਦਾ ਹੈ ਜਾਂ ਉਨ੍ਹਾਂ ਨੂੰ ਪਤਾ ਹੋਵੇਗਾ ਜਿਹੜੇ ਤੁਹਾਡੇ ਹਾਲਾਤਾਂ ਤੋਂ ਵਾਕ਼ਿਫ਼ ਹੋਣਗੇ। ਜਿਹੜਾ ਸ਼ਖ਼ਸ ਆਜ਼ਮਾਇਸ਼ ਦੇ ਵੇਲ਼ੇ ਸੱਚਾ ਨਿਕਲਦਾ ਹੈ ਅਤੇ ਸੱਚ ਨੂੰ ਨਹੀਂ ਛੱਡਦਾ ਉਸ ਦੇ ਸੱਚ 'ਤੇ ਮੁਹਰ ਲੱਗ ਜਾਂਦੀ ਹੈ। ਜੇਕਰ ਇਹ ਮੁਹਰ ਤੁਹਾਡੇ ਕੋਲ਼ ਹੈ ਤਾਂ ਪੇਸ਼ ਕਰੋ ਨਹੀਂ ਤਾਂ ਖ਼ੁਦਾ ਤਆਲਾ ਤੋਂ ਡਰੋ, ਅਜਿਹਾ ਨਾ ਹੋਵੇ ਕਿ ਉਹ ਤੁਹਾਡੀ ਪਰਦਾ ਦਰੀ ਕਰੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਸੁਲਤਾਨ ਅਹਮਦ ਸਾਹਿਬ ਨੂੰ ਜਦ ਪਤਾ ਲੱਗਾ ਕਿ ਵਿਰੋਧੀ ਧਿਰ ਨੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ **ਗਵਾਹੀ** ਮੰਗੀ ਹੈ ਤਾਂ ਕਿਉਂਕਿ ਉਹ ਜਾਣਦੇ ਸਨ ਕਿ ਹਜ਼ੂਰ ﷺ ਕਦੀ ਝੂਠ ਨਹੀਂ ਬੋਲਣਗੇ ਇਸ ਲਈ ਉਨ੍ਹਾਂ ਨੇ ਮੁਕ਼ੱਦਮਾ ਹੀ ਵਾਪਿਸ ਲੈ ਲਿਆ।

ਹਜ਼ੂਰ ਅਨਵਰ ਨੇ ਉਸ ਮਕਾਨ ਦੀ ਤਾਰੀਖ਼ ਵੀ ਬਿਆਨ ਕੀਤੀ। ਇਹ ਮਕਾਨ ਡਿਪਟੀ ਸ਼ੰਕਰ ਦਾਸ ਦੀ ਹਵੇਲੀ ਕਹਾਉਂਦੀ ਸੀ, ਜਿਹੜਾ ਇੰਤਿਹਾਈ ਈਰਖਾ ਰੱਖਣ ਵਾਲ਼ਾ ਅਤੇ ਵਿਰੋਧੀ ਸੀ। ਉਸ ਮਕਾਨ ਨਾਲ਼ ਹਜ਼ੂਰ ਦੇ ਮਕਾਨਾਂ ਦੀ ਬੇ-ਪਰਦਗੀ ਵੀ ਹੁੰਦੀ ਸੀ। ਫਿਰ ਇਹ ਸ਼ਖ਼ਸ ਨਮਾਜ਼ ਦੇ ਲਈ ਆਉਣ ਜਾਣ ਵਾਲ਼ੇ ਲੋਕਾਂ ਨੂੰ ਗਾਲ਼ਾਂ ਦਿਆ ਕਰਦਾ ਸੀ। ਜਦ ਨਮਾਜ਼ੀ ਹਜ਼ੂਰ ਕੋਲ਼ ਉਸ ਦੇ ਰਵਈਏ ਦੀ ਸ਼ਿਕਾਇਤ ਲਾਉਂਦੇ ਤਾਂ ਹਜ਼ੂਰ ਫ਼ਰਮਾਉਂਦੇ ਕਿ ਸਬਰ ਕਰੋ ਸ਼ਾਹੀ ਕੈਂਪ ਦੇ ਸਾਹਮਣੇ ਕੋਈ ਨਹੀਂ ਠਹਿਰ ਸਕਦਾ। ਚੁਨਾਂਚਿ ਦੇਖਦੇ ਹੀ ਦੇਖਦੇ ਡਿਪਟੀ ਦਾ ਹੱਸਦਾ ਵੱਸਦਾ ਘਰ ਡਿੱਗਣ ਲੱਗ ਪਿਆ ਅਤੇ ਉਹ ਖ਼ੁਦ ਵੀ ਬਿਮਾਰ ਹੋ ਕੇ ਕਿਸੇ ਤਰ੍ਹਾਂ ਉੱਥੋਂ ਚਲਿਆ ਗਿਆ। ਉਹ ਮਕਾਨ ਹਜ਼ਰਤ ਸ਼ੇਖ ਯਅਕੂਬ ਅਲੀ ਇਰਫ਼ਾਨੀ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਖ਼ਰੀਦ ਲਿਆ। 1932 ਈ: ਵਿੱਚ ਉਸ ਮਕਾਨ ਵਿੱਚ **ਸਦਰ ਅੰਜੁਮਨ ਅਹਮਦਿੱਯਾ** ਦੇ ਦਫ਼ਤਰਾਂ ਦਾ ਕ਼ਿਆਮ ਹੋਇਆ ਅਤੇ ਉਸ ਦਾ ਉਦਘਾਟਨ ਵੀ ਹਜ਼ਰਤ ਮੁਸ੍ਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਕੀਤਾ। ਖ਼ੁਦਾ ਦੀ ਕ਼ੁਦਰਤ ਹੈ ਕਿ ਉਹ ਸ਼ਖ਼ਸ ਜਿਹੜਾ ਬੜੀ **ਹਉਮੈ** ਨਾਲ਼ ਮਸਜਿਦ ਵਿੱਚ ਆਉਣ ਜਾਣ ਵਾਲ਼ਿਆਂ ਨੂੰ ਰੋਕਿਆ ਕਰਦਾ ਸੀ ਅੱਜ ਖ਼ੁਦਾ ਦੀ ਤਕ਼ਦੀਰ ਨੇ ਉਸ ਦੇ ਘਰ ਨੂੰ, ਉਸ ਦੇ ਸਾਰੇ ਇਲਾਕ਼ੇ ਨੂੰ ਮਸਜਿਦ ਬਣਾ ਦਿੱਤਾ ਹੈ। ਇਹ ਮਕਾਨ ਹੁਣ **ਮਸਜਿਦ ਅਕ਼ਸਾ** ਦਾ ਹਿੱਸਾ ਹੈ।

ਇਨ੍ਹਾਂ ਵੱਖ ਵੱਖ ਮੁਕ਼ੱਦਮਿਆਂ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਸ਼ੇਖ ਨੂਰ ਅਹਿਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੇਰੇ ਵਾਲਿਦ ਸਾਹਿਬ ਅਤੇ ਤਾਇਆ ਸਾਹਿਬ ਜ਼ਿਕਰ ਕਰਿਆ ਕਰਦੇ ਸਨ ਕਿ ਸਾਡਾ ਪਿੰਡ ਮਿਰਜ਼ਾ ਸਾਹਿਬ ﷺ ਦੀ ਜਾਗੀਰ ਵਿੱਚ ਸੀ। ਕੁੱਝ ਅਰਸਾ ਹਜ਼ੂਰ ਆਪਣੇ ਵਾਲਿਦ ਸਾਹਿਬ ਦੇ ਮੁਖ਼ਤਾਰ ਰਹੇ ਅਤੇ ਸਾਡੇ ਨਾਲ਼ ਵੀ ਕੁੱਝ ਪੇਸ਼ੀਆਂ ਵਿੱਚ ਜਾਣਾ ਹੋਇਆ। ਆਪ ﷺ ਹਮੇਸ਼ਾ ਸੱਚ ਦਾ ਪਹਿਲੂ ਇਖ਼ਤਿਆਰ ਕਰਦੇ ਚਾਹੇ ਮੁਕ਼ੱਦਮੇ ਨੂੰ ਕੋਈ ਨੁਕ਼ਸਾਨ ਵੀ ਪਹੁੰਚਦਾ ਹੋਵੇ।

ਹਜ਼ਰਤ ਮੀਆਂ ਅੱਲਾਹ ਯਾਰ ਸਾਹਿਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਜਦ ਹਜ਼ਰਤ ਸਾਹਿਬ ﷺ ਦੀ ਉਮਰ ਪੰਜੀ (25) ਤੀਹ (30) ਸਾਲ ਸੀ, ਆਪ ﷺ ਦੇ ਵਾਲਿਦ ਸਾਹਿਬ ਦਾ ਆਪਣੇ ਖ਼ਾਨਦਾਨ ਨਾਲ਼ ਦਰਖ਼ਤ ਵੱਢਣ 'ਤੇ ਇੱਕ **ਝਗੜਾ** ਹੋ ਗਿਆ। ਆਪ ﷺ ਦੇ ਵਾਲਿਦ ਸਾਹਿਬ ਦਾ ਨਜ਼ਰੀਆ ਇਹ ਸੀ ਕਿ **ਜ਼ਮੀਨ** ਸਾਡੀ ਹੋਣ ਦੀ

ਵਜ੍ਹਾ ਨਾਲ਼ ਦਰਖ਼ਤ ਵੀ ਸਾਡੀ ਮਿਲਕੀਅਤ ਹਨ। ਆਪ ﵇ ਮੁਕ਼ੱਦਮੇ ਦੀ ਪੈਰਵੀ ਲਈ **ਗੁਰਦਾਸਪੁਰ** ਤਸ਼ਰੀਫ਼ ਲੈ ਗਏ। ਆਪ ﵇ ਦੇ ਨਾਲ਼ ਦੋ ਗਵਾਹ ਵੀ ਸਨ। ਹਜ਼ਰਤ ਅਕ਼ਦਸ ﵇ ਨੇ ਰਸਤੇ ਵਿੱਚ ਗਵਾਹਾਂ ਨੂੰ ਫ਼ਰਮਾਇਆ ਕਿ ਅੱਬਾ ਜਾਨ ਇੰਝ ਹੀ ਜ਼ਬਰਦਸਤੀ ਕਰਦੇ ਹਨ। ਦਰਖ਼ਤ ਵੀ ਤਾਂ ਖੇਤੀ ਦੀ ਤਰ੍ਹਾਂ ਹੁੰਦੇ ਹਨ। ਇਹ ਗ਼ਰੀਬ ਲੋਕ ਹਨ, ਜੇਕਰ ਵੱਢ ਲਏ ਤਾਂ ਕੀ ਹਰਜ ਹੈ। ਮੈਂ ਤਾਂ ਅਦਾਲਤ ਵਿੱਚ ਇਹ ਨਹੀਂ ਕਹਿ ਸਕਦਾ ਕਿ ਇਹ ਸ਼ੁਰੂ ਤੋਂ ਸਾਡੇ ਹੀ ਹਨ, ਹਾਂ! ਸਾਡਾ ਹਿੱਸਾ ਹੋ ਸਕਦਾ ਹੈ। ਖ਼ਾਨਦਾਨ ਨੂੰ ਵੀ ਆਪ ﵇ ‘ਤੇ ਬਹੁਤ ਵਿਸ਼ਵਾਸ ਸੀ। ਜਦ ਮੈਜਿਸਟ੍ਰੇਟ ਨੇ ਉਨ੍ਹਾਂ ਤੋਂ ਪੁੱਛਿਆ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਖ਼ੁਦ ਮਿਰਜ਼ਾ ਸਾਹਿਬ ﵇ ਤੋਂ ਪਤਾ ਕਰ ਲਵੋ। ਆਪ ﵇ ਕੋਲੋਂ ਪੁੱਛੇ ਜਾਣ ‘ਤੇ ਆਪ ﵇ ਨੇ ਫ਼ਰਮਾਇਆ ਕਿ ਮੇਰੇ ਨਜ਼ਦੀਕ ਦਰਖ਼ਤ ਖੇਤੀ ਦੀ ਤਰ੍ਹਾਂ ਹਨ। ਜਿਸ ਤਰ੍ਹਾਂ ਖੇਤੀ ਵਿੱਚ ਸਾਡਾ ਹਿੱਸਾ ਹੈ ਉਸੇ ਤਰ੍ਹਾਂ ਦਰਖ਼ਤਾਂ ਵਿੱਚ ਵੀ ਸਾਡਾ ਹਿੱਸਾ ਹੈ। ਚੁਨਾਂਚਿ ਆਪ ﵇ ਦੇ ਇਸ ਬਿਆਨ ‘ਤੇ ਮੈਜਿਸਟ੍ਰੇਟ ਨੇ ਖ਼ਾਨਦਾਨ ਦੇ ਹੱਕ਼ ਵਿੱਚ ਫ਼ੈਸਲਾ ਦੇ ਦਿੱਤਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਜ਼ਿੰਦਗੀ ਵਿੱਚੋਂ ਸੱਚਾਈ ਦੇ ਇਹ ਕੁੱਝ ਵਾਕ਼ਿਆਤ ਪੇਸ਼ ਕੀਤੇ ਹਨ। ਆਪ ﵇ ਨੇ ਹਮੇਸ਼ਾ ਸੱਚਾਈ ਨੂੰ ਅੱਗੇ ਰੱਖਿਆ ਅਤੇ ਝੂਠ ਦੇ ਕ਼ਰੀਬ ਵੀ ਨਹੀਂ ਗਏ। ਆਪ ﵇ ਨੇ ਆਪਣੇ ਮੰਨਣ ਵਾਲ਼ਿਆਂ ਨੂੰ ਵੀ ਹਮੇਸ਼ਾ ਸੱਚਾਈ ਦੇ ਕ਼ਾਇਮ ਰਹਿਣ ਦੀ **ਤਲਕ਼ੀਨ** ਕੀਤੀ ਬਲਕਿ ਬੈਅਤ ਦੀਆਂ ਸ਼ਰਤਾਂ ਵਿੱਚ ਵੀ ਇਹ ਲਿਖਿਆ ਹੋਇਆ ਹੈ ਕਿ ਅਸੀਂ ਝੂਠ ਨਾਲ਼ ਨਫ਼ਰਤ ਕਰਾਂਗੇ ਅਤੇ ਸੱਚਾਈ ‘ਤੇ ਕ਼ਾਇਮ ਰਹਾਂਗੇ। ਬਸ ਸਾਡਾ ਇਹ ਫ਼ਰਜ਼ ਹੈ ਕਿ ਸੱਚਾਈ ਨੂੰ ਆਪਣਾ ਖ਼ਾਸ ਵਸਫ਼ ਬਣਾਈਏ। ਅੱਲਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ਼ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞